ਇਸ਼ਤਿਹਾਰ ਨੰ: 01 ਆਫ 2020 ਦੀ ਲਗਾਤਾਰਤਾ ਵਿਚ

## ਪੰਜਾਬ ਵਿਧਾਨ ਸਭਾ ਸਕੱਤਰੇਤ

ਹੇਠ ਲਿਖੀ ਆਰਜ਼ੀ ਆਸਾਮੀ ਲਈ ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ, ਜੋ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ-160001 ਪਾਸ ਮਿਤੀ 19.10.2020 (ਸ਼ਾਮ 5.00 ਵਜੇ) ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਸਰਕਾਰੀ ਕਰਮਚਾਰੀ ਆਪਣੀਆਂ ਅਰਜ਼ੀਆਂ ਯੋਗ ਪ੍ਰਣਾਲੀ ਰਾਹੀਂ ਭੇਜਣ, ਪਰੰਤੂ ਅਗੇਤੀ ਕਾਪੀ ਅੰਤਿਮ ਮਿਤੀ ਤੋਂ ਪਹਿਲਾਂ ਭੇਜੀ ਜਾਵੇ। ਆਖਰੀ ਤਰੀਕ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

| ਆਸਾਮੀ ਦਾ ਨਾਂ ਅਤੇ ਗਿਣਤੀ | ਤਨਖਾਹ ਸਕੇਲ | ਵਿਦਿਅਕ ਯੋਗਤਾ |
|---|---|---|
| ਕਲਰਕ (1) | The pay scales of the Post will be applicable vide Letter No. 7/42/2020-5FP I/741 dated 17/07/2020 of Government of Punjab/any instructions issued by the Government of Punjab, in this regard. | ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਟ ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ। ਪੰਜਾਬੀ ਅਤੇ ਅੰਗਰੇਜ਼ੀ ਦੀ ਟਾਈਪ ਦਾ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਤੇ ਵੱਖ-ਵੱਖ ਟੈਸਟ ਲਿਆ ਜਾਵੇਗਾ। ਉਮੀਦਵਾਰ ਕੋਲ ਘੱਟੋ ਘੱਟ 120 ਘੰਟੇ/6 ਮਹੀਨੇ ਦਾ ਕੰਪਿਊਟਰ ਐਪਲੀਕੇਸ਼ਨ ਦਾ ਸਰਟੀਫਿਕੇਟ ਹੋਵੇ ਜੋ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਜਾਂ ਮੰਨੀ ਪ੍ਰਮੰਨੀ ISO 9001 ਸਰਟੀਫਾਈਡ ਸੰਸਥਾ ਦਾ ਹੋਵੇ। |

ਇਸ ਆਸਾਮੀ ਵਾਸਤੇ ਅਰਜ਼ੀ ਫੀਸ ਜਨਰਲ ਸ਼੍ਰੇਣੀ ਲਈ 200/- ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ. ਅਤੇ ਬੀ.ਸੀ. ਨਾਲ ਸਬੰਧਤ ਪ੍ਰਾਰਥੀ ਲਈ 100/- ਰੁਪਏ ਨਾ ਮੋੜਨਯੋਗ ਹੈ, ਜੋ ਇੰਡੀਅਨ ਪੋਸਟਲ ਆਰਡਰ ਦੇ ਰੂਪ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ ਚੰਡੀਗੜ੍ਹ ਦੇ ਨਾਂ ਤੇ ਹੋਵੇ। ਫੀਸ ਦੀ ਛੋਟ ਅਤੇ ਹੋਰ ਲਾਭ ਸਿਰਫ ਪੰਜਾਬ ਰਾਜ ਦੇ ਵਸਨੀਕ ਵਜੋਂ ਐਸ.ਸੀ./ਬੀ.ਸੀ. ਪ੍ਰਾਰਥੀਆਂ ਨੂੰ ਹੀ ਮਿਲਣਯੋਗ ਹੈ। ਸਬੂਤ ਵਜੋਂ ਪੰਜਾਬ ਸਰਕਾਰ ਦੁਆਰਾ ਜਾਰੀ ਜਾਤੀ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ। ਬਿਨਾਂ ਫੀਸ/ਘੱਟ ਫੀਸ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਮਿਤੀ 01.01.2020 ਨੂੰ ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਲਈ ਉਮਰ ਦੀ ਹੱਦ ਵਿੱਚ 5 ਸਾਲ ਦੀ ਛੋਟ ਹੈ। ਚੁਣੇ ਗਏ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 7/204/2012-4 ਐਫ.ਪੀ.-1/66 ਮਿਤੀ 15.01.2015, ਪੱਤਰ ਨੰ: 7/42/2020-5FP I/741, ਮਿਤੀ 17/07/2020 ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਜਾਰੀ ਹਦਾਇਤਾਂ ਵਿੱਚ ਕੀਤੇ ਉਪਬੰਧਾਂ ਤਹਿਤ ਤਨਖਾਹ ਦਿੱਤੀ ਜਾਵੇਗੀ। ਭਰਤੀ ਲਈ ਪ੍ਰਾਰਥੀਆਂ ਦੀ ਗਿਣਤੀ ਦੇ ਮੱਦੇਨਜਰ ਸਮਰੱਥ ਅਧਿਕਾਰੀ ਦੁਆਰਾ ਕੋਈ ਵੀ ਸਿਲੈਕਸ਼ਨ ਕ੍ਰਾਈਟੇਰੀਆ ਅਪਣਾਇਆ ਜਾ ਸਕਦਾ ਹੈ, ਜਿਸ ਵਿਚ ਟੈਸਟ/ਇੰਟਰਵਿਊ ਆਦਿ ਵੀ ਸ਼ਾਮਲ ਕੀਤੀ ਜਾ ਸਕਦੀ ਹੈ।

### ਜਰੂਰੀ ਹਦਾਇਤਾਂ

1. ਆਸਾਮੀ ਦਾ ਨਾਂ ਲਿਫਾਫੇ ਉਪਰ ਲਿਖਿਆ ਜਾਵੇ।
2. ਡਾਕ ਦੀ ਦੇਰੀ ਲਈ ਦਫਤਰ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ ਅਤੇ ਅਧੂਰੀ/ਬਿਨਾ ਹਸਤਾਖਰ/ਬਿਨਾ ਫੀਸ ਅਤੇ ਅਯੋਗ ਉਮੀਦਵਾਰ ਦੀ ਅਰਜ਼ੀ ਬਿਨਾਂ ਕਿਸੇ ਨੋਟਿਸ ਰੱਦ ਸਮਝੀ ਜਾਵੇਗੀ।
3. ਆਸਾਮੀਆਂ ਦੀ ਗਿਣਤੀ ਘੱਟ/ਵੱਧ ਸਕਦੀ ਹੈ।
4. ਫੀਸ ਕੇਵਲ ਆਈ.ਪੀ.ਓ. ਦੇ ਰੂਪ ਵਿਚ ਹੀ ਭੇਜੀ ਜਾਵੇ ਅਤੇ ਆਈ.ਪੀ.ਓ. ਦੇ ਪਿੱਛੇ ਉਮੀਦਵਾਰ ਆਪਣਾ ਨਾਮ, ਪਿਤਾ ਦਾ ਨਾਮ ਅਤੇ ਮੋਬਾਈਲ ਨੰਬਰ ਜ਼ਰੂਰ ਲਿਖਣ।
5. ਇਸ ਇਸ਼ਤਿਹਾਰ ਸਬੰਧੀ ਕਿਸੇ ਕਿਸਮ ਦੀ ਸੋਧ, ਨਿਯੁਕਤੀ ਸਬੰਧੀ ਅਗਲੀ ਕਾਰਵਾਈ, ਰੋਲ ਨੰਬਰ ਜਾਰੀ ਕਰਨਾ, ਟਾਈਪ ਟੈਸਟ/ਲਿਖਤੀ ਟੈਸਟ/ਇੰਟਰਵਿਊ ਦੀ ਸੂਚਨਾ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ www.punjabassembly.nic.in ਤੇ ਦੇਖੀ ਜਾ ਸਕੇਗੀ।ਉਮੀਦਵਾਰ ਰੈਗੂਲਰ ਚੈੱਕ ਕਰਦੇ ਰਹਿਣ।
6. ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਅਰਜ਼ੀ ਫਾਰਮ ਨਾਲ ਨਾ ਲਗਾਏ ਜਾਣ, ਬਾਅਦ ਵਿੱਚ ਚੈੱਕ ਕੀਤੇ ਜਾਣਗੇ।
7. ਉਮੀਦਵਾਰ ਆਪਣੇ ਸਹੀ ਅਤੇ ਮੁਕੰਮਲ ਵੇਰਵੇ ਅਰਜ਼ੀ ਫਾਰਮ ਵਿੱਚ ਦੇਵੇਗਾ, ਜਿਸ ਦੀ ਅਸਲੀਅਤ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅਗਰ ਕੋਈ ਸੂਚਨਾ ਕਿਸੇ ਵੀ ਪੜਾਅ ਤੇ ਗਲਤ ਸਾਬਤ ਹੁੰਦੀ ਹੈ ਤਾਂ ਉਸ ਦੀ ਉਮੀਦਵਾਰੀ ਰੱਦ ਕੀਤੀ ਜਾ ਸਕਦੀ ਹੈ।
8. ਨਿਯਮਾਂ ਅਤੇ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਭਰਤੀ ਸਮੇਂ ਰਾਖਵਾਂਕਰਨ ਦੀ ਪਾਲਿਸੀ ਲਾਗੂ ਕੀਤੀ ਜਾਵੇਗੀ।
9. ਜਿਹੜੇ ਉਮੀਦਵਾਰਾਂ ਨੇ ਸਭਾ ਸਕੱਤਰੇਤ ਦੇ ਇਸ਼ਤਿਹਾਰ ਨੰ: 1 ਆਫ 2020 ਰਾਹੀਂ ਕਲਰਕ ਦੀ ਅਸਾਮੀ ਵਾਸਤੇ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਮੁੜ ਅਪਲਾਈ ਕਰਨ ਦੀ ਜ਼ਰੂਰਤ ਨਹੀਂ ਹੈ।

ਮਿਤੀ: 06.10.2020

ਬਲਬੀਰ ਕੌਰ
ਅਧੀਨ ਸਕੱਤਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।